

# ਆਸ ਅਜੇ ਬਾਕੀ ਹੈ

ਸਿਮਰਨ ਧਾਲੀਵਾਲ

# ਆਸ ਅਜੇ ਬਾਕੀ ਹੈ

(ਕਹਾਣੀ ਸੰਗ੍ਰਹਿ)


## ਸਿਮਰਨ ਧਾਲੀਵਾਲ


ਭਾਰਤੀ ਸਾਹਿਤ ਅਕਾਦਮੀ ਯੁਵਾ ਪੁਰਸਕਾਰ ਪ੍ਰਾਪਤ

**ਇਸੇ ਕਲਮ ਤੋਂ**

ਉਸ ਪਲ (ਕਹਾਣੀ ਸੰਗ੍ਰਹਿ) –2015

ਸੱਤ ਪਰੀਆਂ (ਬਾਲ ਕਹਾਣੀ ਸੰਗ੍ਰਹਿ) 2014,2015

# -ਸਮਰਪਿਤ-

ਪਰਿਵਾਰ ਅਤੇ ਪਿਆਰੇ ਦੋਸਤਾਂ ਦੇ ਨਾਂ

# ਤਰਤੀਬ

ਪ੍ਰਤੀਕਰਮ/7
ਘੁੰਮਣਘੇਰੀਆਂ/10
ਮੈਂ ਨਾਟਕ ਤੇ ਜ਼ਿੰਦਗੀ/20
ਆਸ ਅਜੇ ਬਾਕੀ ਹੈ/32
ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰਾ/40
ਕੇਂਦਰ ਬਿੰਦੂ/50
ਰੂਪ ਤੂੰ ਨਾ ਜਾਹ/61
ਲਾਲ ਚੂੜੀਆਂ/68
ਅਧੂਰੀ ਕਹਾਣੀ ਤੇ ਉਹ/77
ਹੁਣ ਮੈਂ ਝੂਠ ਨਹੀਂ ਬੋਲਦਾ/84

# ਪ੍ਰਤੀਕਰਮ

ਇਹ ਸਭ ਕਹਾਣੀਆਂ ਮੁੱਖ ਸਮੱਸਿਆਂ ਦੀ ਪੇਸ਼ਕਾਰੀ ਵਜੋਂ ਤਾਂ ਵੱਖ-ਵੱਖ ਹਨ ਪਰ ਇਹਨਾਂ ਵਿਚ ਉੱਪ ਸਮੱਸਿਆਵਾਂ ਵਜੋਂ ਕਈ ਤੰਦਾਂ ਸਾਂਝੀਆਂ ਹਨ। ਜਿਨ੍ਹਾਂ ਰਾਹੀਂ ਪਿਆਰ ਤੇ ਵਿਆਹ ਸਬੰਧ, ਜਾਤ-ਪਾਤ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਵਿਵਸਥਾ ਅਤੇ ਭੂਪਵਾਦੀ ਸੰਸਕਾਰਾਂ ਦਾ ਸੱਚ ਬਹੁਤ ਖ਼ੂਬਸੂਰਤੀ ਨਾਲ ਰੂਪਮਾਨ ਹੋਇਆ ਹੈ। 'ਰੂਪ ਤੂੰ ਨਾ ਜਾਹ' ਅਤੇ 'ਕੇਂਦਰ ਬਿੰਦੂ' ਇਹਨਾਂ ਨਾਲੋਂ ਰਤਾ ਹਟਵੀਆਂ ਕਹਾਣੀਆਂ ਹਨ, ਜਿਨ੍ਹਾਂ ਵਿਚ ਸਮਲਿੰਗਤਾ ਬਾਜ਼ਾਰ ਅਤੇ ਬਾਜ਼ਾਰ ਦੇ ਫੈਲਾਅ ਵਰਗੇ ਨਵੇਂ ਮੁੱਦਿਆਂ ਨੂੰ ਛੋਹਿਆ ਗਿਆ ਹੈ। ਭਾਸ਼ਾਗਤ ਮੁਹਾਰਤ ਅਤੇ ਕਹਾਣੀ ਕਹਿਣ ਦੀ ਉਸਦੀ ਜੁਗਤ ਬਾਰੇ ਤਾਂ ਇਸ ਤੋਂ ਵੱਧ ਕੀ ਕਿਹਾ ਜਾਵੇ ਕਿ ਵਿਸ਼ਾ ਵਸਤੂ ਭਾਵੇਂ ਕਿੰਨਾ ਵੀ ਰੁੱਖਾ ਮਿੱਸਾ ਹੋਵੇ, ਸਿਮਰਨ ਦੀ ਕਹਾਣੀ ਰਚਨਾ ਵਿਚ ਰਸਿਕਤਾ ਦੀ ਕੋਈ ਘਾਟ ਨਹੀਂ ਮਹਿਸੂਸ ਹੋ ਸਕਦੀ।

**-ਸਿਰਜਣਾ**

ਸਿਮਰਨ ਧਾਲੀਵਾਲ ਨੇ ਆਪਣੀਆਂ ਕੁਝ ਕੁ ਕਹਾਣੀਆਂ ਦੁਆਰਾ ਹੀ ਸਮਕਾਲ ਦੀ ਪੰਜਾਬੀ ਕਹਾਣੀ ਵਿਚ ਆਪਣੀ ਅਲੱਗ ਪਹਿਚਾਣ ਬਣਾਈ ਹੈ। ਉਹ ਆਧੁਨਿਕ ਜੀਵਨ ਦੇ ਨਵੇਂ ਯਥਾਰਥ ਦੀਆਂ ਪੇਚੀਦਗੀਆਂ ਨੂੰ ਸਮਝਣ ਵਾਲਾ ਕਥਾਕਾਰ ਹੈ। ਆਪਣੀਆਂ ਕਹਾਣੀਆਂ ਦੁਆਰਾ ਉਸਨੇ ਸਮਕਾਲ ਦੇ ਜਟਿਲ ਵਸਤੂ-ਜਗਤ ਦੀਆਂ ਅਸਮਾਨਤਾਵਾਂ ਨੂੰ ਮਨੁੱਖ ਦੇ ਮਾਨਸਿਕ ਕਸ਼ਮਕਸ਼ ਦੁਆਰਾ ਪੇਸ਼ ਕਰਕੇ ਰੌਚਿਕ ਕਥਾ-ਬਿੰਬਾਂ ਦੀ ਸਿਰਜਣਾ ਕੀਤੀ ਹੈ। ਮਨੁੱਖੀ ਮਨ ਦੀਆਂ ਦਿਸਦੀਆਂ ਅਤੇ ਅਣਦਿਸਦੀਆਂ ਪਰਤਾਂ ਨੂੰ ਸਮਾਜਕ ਪ੍ਰਬੰਧ ਦੇ ਅਸਾਵੇਂ ਰੂਪ ਨਾਲ ਜੋੜ ਕੇ ਪੇਸ਼ ਕਰਦਿਆਂ ਉਹ ਮਨੋਯਥਾਰਥ ਦੇ ਗੁੱਝੇ ਧਰਾਤਲ 'ਤੇ ਆਪਣੇ ਕਲਾ-ਬਿੰਬਾਂ ਦੀ ਉਸਾਰੀ ਕਰ ਜਾਂਦਾ ਹੈ।

ਸਿਮਰਨ ਨੇ ਆਪਣੀ ਕਹਾਣੀ ਨੂੰ ਜਟਿੱਲ ਕਥਾ ਜੁਗਤਾਂ ਤੋਂ ਰਹਿਤ ਰੱਖਿਆ ਹੈ। ਇਸਦੇ ਨਾਲ ਹੀ ਠੇਠ ਭਾਸ਼ਾਈ ਮੁਹਾਵਰਾ, ਠੋਸ ਵਾਰਤਾਲਾਪ ਤੇ ਮਨੋ ਸੰਸਾਰ ਦੀ ਸੁਭਾਵਕ ਪੇਸ਼ਕਾਰੀ ਨਾਲ ਉਹ ਪਾਤਰਾਂ ਦੀਆਂ ਗੁੰਝਲਦਾਰ ਮਾਨਸਿਕ ਬਣਤਰਾਂ ਨੂੰ ਖੋਲ੍ਹਦਾ ਜਾਂਦਾ ਹੈ। ਉਸਦੀ ਕਹਾਣੀ ਸੌਖੀ ਤੇ ਕਥਾ ਰਸ ਨਾਲ ਭਰੀ ਹੈ।

**-ਸ਼ਬਦ**

ਸਿਮਰਨ ਧਾਲੀਵਾਲ ਦੀਆਂ ਇਨ੍ਹਾਂ ਸਾਰੀਆਂ ਹੀ ਕਹਾਣੀਆਂ ਦਾ ਪੈਟਰਨ ਉੱਤਮ ਪੁਰਖੀ ਹੈ। ਅਖਾਣ-ਮੁਹਾਵਰਿਆਂ ਦੀ ਵਰਤੋਂ ਸਾਰੀਆਂ ਹੀ ਕਹਾਣੀਆਂ ਵਿਚ ਭਰਪੂਰ ਰੂਪ ਵਿਚ ਹੋਈ ਹੈ। ਭਾਸ਼ਾ ਸਰਲ, ਠੇਠ ਅਤੇ ਭਾਵਪੂਰਕ ਹੈ। ਛੋਟੇ-ਛੋਟੇ ਵਾਕ ਰਚਨਾ ਨੂੰ ਹੋਰ ਵੀ ਖ਼ੂਬਸੂਰਤੀ ਪ੍ਰਦਾਨ ਕਰਦੇ ਹਨ। ਇਨ੍ਹਾਂ ਕਹਾਣੀਆਂ ਰਾਹੀਂ ਕਹਾਣੀਕਾਰ ਨੇ ਬੰਦੇ ਅੰਦਰ ਬੈਠੇ ਬੰਦੇ ਨੂੰ ਫੜਨ ਦਾ ਯਤਨ ਕੀਤਾ ਹੈ। ਪ੍ਰਸਥਿਤੀਆਂ ਮਾਨਸਿਕਤਾ ਤੇ ਕਿਵੇਂ ਅਤੇ ਕੀ ਅਸਰ ਕਰਦੀਆਂ ਹਨ, ਇਹੀ ਇਨ੍ਹਾਂ ਕਹਾਣੀਆਂ ਦਾ ਮੂਲ ਸਰੋਕਾਰ ਹੈ।

**-ਅੱਖਰ**

ਸਾਰੀਆਂ ਹੀ ਕਹਾਣੀਆਂ ਦੀ ਬੋਲੀ, ਸ਼ੈਲੀ, ਵਿਉਂਤ, ਤਕਨੀਕ ਲਗਪਗ ਸਮਾਨ ਹੈ ਤੇ ਬਹੁਤੇ ਸਮਕਾਲੀਨ ਕਥਾਕਾਰਾਂ ਤੋਂ ਨਿਵੇਕਲੀ ਤੇ ਮੌਲਿਕ। ਲੇਖਕ ਮਨੋ ਬਚਨੀ, ਉਤਮ ਪੁਰਖ ਅਤੇ ਫਲੈਸ਼ਬੈਕ ਢੰਗ ਦੀ ਵਰਤੋਂ ਕਰਦਾ ਹੈ। ਛੋਟੇ-ਛੋਟੇ ਭਾਵਪੂਰਕ ਵਾਕ ਉਸ ਦਾ ਹਾਸਲ ਹਨ। ਰਚਨਾ ਵਿਚ ਪ੍ਰੋਢਤਾ ਅਤੇ ਗੰਭੀਰਤਾ ਹੈ।

**-ਮਹਿਰਮ**

ਲੇਖਕ ਹਰ ਕਹਾਣੀ ਵਿਚ ਘਟਨਾਵਾਂ ਨੂੰ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਫੜ੍ਹਨ ਜਾਨਣ ਅਤੇ ਪਰਖਣ ਦੀ ਕੋਸ਼ਿਸ਼ ਕਰਦਾ ਹੈ। 'ਆਸ ਅਜੇ ਬਾਕੀ ਹੈ' ਇਸ ਪੁਸਤਕ ਦੀ ਸਭ ਤੋਂ ਜਾਨਦਾਰ ਕਹਾਣੀ ਹੈ। ਇਸ ਵਿਚ ਆਰਥਿਕਤਾ ਨੂੰ ਧੁਰਾ ਮੰਨ ਕੇ ਜ਼ਿੰਦਗੀ ਦੇ ਹਰ ਪੱਖ ਉੱਪਰ ਪੈਣ ਵਾਲੇ ਇਸਦੇ ਪ੍ਰਭਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਹਨਾਂ ਕਹਾਣੀਆਂ ਵਿਚ ਸਮਾਜਕ ਨਾ ਬਰਾਬਰੀ, ਮਾਨਸਿਕ ਅਤੇ ਸਰੀਰਕ ਲੋੜ ਅਤੇ ਵਿਸ਼ਵੀਕਰਨ ਦੇ ਵਰਤਾਰਿਆਂ ਨੂੰ ਪੇਸ਼ ਕੀਤਾ ਗਿਆ ਹੈ। ਭਾਸ਼ਾ ਸ਼ੈਲੀ ਵਧੀਆ ਹੈ।

**-ਪ੍ਰਤਿਮਾਨ**

ਭਾਸ਼ਾਈ ਕੌਸ਼ਲਤਾ ਠੇਠ ਮੁਹਾਵਰਾ ਸਿਮਰਨ ਧਾਲੀਵਾਲ ਦੀ ਭਾਸ਼ਾਗਤ ਖਾਸੀਅਤ ਹੈ। ਸ਼ਿਲਪਕਾਰੀ ਪੱਖੋਂ ਵੇਖਿਆ ਜਾਵੇ ਤਾਂ ਉਸ ਦਾ ਕਥਾ ਬਿਰਤਾਂਤ ਕਿਸੇ ਮਾਨਸਿਕ ਅਥਵਾ ਵਸਤੂਗਤ ਸਥਿਤੀ ਤੋਂ ਆਰੰਭ ਹੋ ਕੇ 'ਰਹੱਸ ਸਿਰਜਣ' ਵਿਚ ਆਉਂਦਾ ਹੈ ਅਤੇ ਫਿਰ ਹੌਲੀ-ਹੌਲੀ ਇਸ ਰਹੱਸ ਦਾ ਉਦਘਾਟਨ ਹੁੰਦਾ ਹੈ। ਸੰਕੇਤ ਲਟਕਾਓ, ਅਧੂਰਾ ਪ੍ਰਗਟਾਓ, ਸਥਗਨ ਮੁੱਖ ਬਿਰਤਾਂਤ ਵਿਚ ਲਘੂ ਪ੍ਰਸੰਗ ਬੀੜਣਾ, ਨਾਟਕੀ ਤਬਦੀਲੀ, ਉਸ ਦੀਆਂ ਅਜਿਹੀਆਂ ਬਿਰਤਾਂਤਕ ਜੁਗਤਾਂ ਹਨ, ਜਿਨ੍ਹਾਂ ਸਦਕਾ ਉਹ ਕਥਾ ਬਿਰਤਾਂਤ ਨੂੰ ਲਕੀਰੀ ਤੇ ਸਰਲ ਨਹੀਂ ਰਹਿਣ ਦਿੰਦਾ। ਬਿਰਤਾਂਤਕਾਰੀ ਦੀ ਉਸ ਦੀ ਪ੍ਰਮੁੱਖ ਵਿਧੀ 'ਚੇਤਨਾ ਪ੍ਰਵਾਹ' ਤੇ 'ਏਕਾਲਾਪ' ਦੀ ਹੈ। ਵਾਰਤਾਲਾਪੀ ਅੰਸ਼, ਨਾਟਕੀ ਮੋੜ ਇਸ ਵਿਚ ਨਾਟਕੀ ਰੰਗ ਭਰਦੇ ਹਨ। ਚੇਤਨਾ ਦੇ ਪ੍ਰਵਾਹ ਵਿਚ ਵਹਿੰਦਿਆਂ ਪਾਤਰ ਦੀ ਸੁਰਤ ਕਿਸੇ ਖਿਆਲ ਤੇ ਆ ਕੇ ਨਾਟਕੀ ਮੋੜ ਖਾ ਜਾਂਦੀ ਹੈ। ਇਹ 'ਮੋੜ' ਬਿਰਤਾਂਤ ਨੂੰ ਗਤੀ ਵੀ ਦਿੰਦਾ ਹੈ ਤੇ ਨਵੀਂ ਦਿਸ਼ਾ ਵੀ।

**-ਨਵਾਂ ਜ਼ਮਾਨਾ**

ਇਸ ਕਿਤਾਬ ਦੀਆਂ ਕਹਾਣੀਆਂ ਮਨੋਵਿਗਿਆਨਕ ਧਰਾਤਲ 'ਤੇ ਲਿਖੀਆਂ ਗਈਆਂ ਹਨ। ਲੇਖਕ ਗੱਲ ਦੇ ਵਿਚੋਂ ਗੱਲ ਕੱਢਦਾ ਹੈ। ਪਾਤਰਾਂ ਦੀ ਮਾਨਸਿਕ ਟੁੱਟ-ਭੱਜ ਦੇ ਕਾਰਨ, ਸਮਾਜਕ ਵੀ ਨੇ ਆਰਥਿਕ ਵੀ ਤੇ ਸਰੀਰਕ ਵੀ। ਭਾਸ਼ਾ ਸਰਲ ਅਤੇ ਮੁਹਾਵਰੇਦਾਰ ਹੈ।

**-ਅਜੀਤ**

ਇਹ ਸਾਰੀਆਂ ਹੀ ਕਹਾਣੀਆਂ ਮਨੁੱਖੀ ਮਨ ਤੇ ਫੋਕਸ ਹਨ। ਮਨੁੱਖੀ ਮਨ ਉੱਪਰ ਸਥਿਤੀਆਂ ਕਿਵੇਂ ਅਸਰ ਕਰਦੀਆਂ ਹਨ, ਇਹ ਇਹਨਾਂ ਕਹਾਣੀਆਂ ਰਾਹੀਂ ਦੇਖਿਆ ਜਾ ਸਕਦਾ ਹੈ। ਮਨ ਦੀਆਂ ਅਨੇਕਾਂ ਪਰਤਾਂ ਹਨ। ਇਨਸਾਨ ਦਾ ਵਿਹਾਰ ਸਥਿਤੀਆਂ ਨਾਲ ਬਦਲਦਾ ਹੈ। ਬੰਦੇ ਦੀਆਂ ਇਹਨਾਂ ਹੀ ਪਰਤਾਂ ਨੂੰ ਕਹਾਣੀਕਾਰ ਆਪਣੀਆਂ ਵਿਚ ਚਿਤਰ ਰਿਹਾ ਹੈ। ਸ਼ੈਲੀ ਪਾਠਕਾਂ ਨੂੰ ਬੰਨ੍ਹ ਕੇ ਰੱਖਣ ਵਾਲੀ ਹੈ ਅਤੇ ਕਹਾਣੀ ਨਾਲ ਜੋੜਨ ਤੇ ਨਾਲ ਤੋਰਨ ਵਾਲੀ ਹੈ।

**-ਮੇਘਲਾ**